# ਤਿੱਥ ਤਿਉਹਾਰ



ਪੰਜਾਬ ਦੇ, ਖ਼ਾਸ ਕਰਕੇ-ਮੇਰੇ ਪਿੰਡ ਦੇ ਲੋਕਾਂ ਦੇ ਮਨਾਂ ਵਿੱਚ ਤਿੱਥਾਂ-ਤਿਉਹਾਰਾਂ ਸਮੇਂ ਕਈ ਨਵੇਂ ਉਤਸ਼ਾਹ ਜਾਗਦੇ ਤੇ ਸੁੱਤੀਆਂ ਉਮੰਗਾਂ ਅੰਗੜਾਈਆਂ ਲੈਂਦੀਆਂ ਹਨ। ਅਜੇਹੇ ਉਤਸਵਾਂ ਸਮੇਂ ਚੰਗਾ ਪਹਿਨਣਾ ਖਾਣਾ ਮੁੱਢਲਾ ਸ਼ੌਕ ਹੁੰਦਾ ਹੈ। ਪਰ ਵੱਡੀ ਖਿੱਚ ਹੁੰਦੀ ਹੈ, ਜੀਅ ਕਰਾਰਾ ਕਰਨ ਦੀ ਮੇਲ ਜੋਲ ਨਾਲੋਂ ਹੋਰਨਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਤਾਣੇ ਪੇਟੇ ਜਿਹੀਆਂ ਸਾਂਝਾਂ ਜੋੜਨ ਦੀ। ਪਿੰਡਾਂ ਦੇ ਖਾਣ ਪਹਿਨਣ ਦੇ ਬਹੁਤੇ ਸ਼ੌਕ ਸੁਹਾਵਣੇ ਤਿਥਾਂ ਤਿਉਹਾਰਾਂ ਨਾਲ ਮਿਲ-ਵਰਤਣੀਏ ਹੋ ਕੇ ਚੱਲਦੇ ਹਨ। ਬੱਚਿਆਂ ਤੇ ਜੁਆਨਾਂ ਲਈ ਸੁਹਾਵਣੇ ਸਮਿਆਂ ਲਈ ਨਵੇਂ ਕੱਪੜੇ, ਇਸਤਰੀਆਂ ਲਈ ਸੋਹਣੇ ਗਹਿਣੇ ਬਨਾਉਣ ਲਈ ਤਿੱਥ ਤਿਉਹਾਰ ਜ਼ਿੰਦਗੀ ਦੇ ਸਫ਼ਰ ਤੇ ਪੜਾਵਾਂ ਦਾ ਕੰਮ ਦਿੰਦੇ ਹਨ, ਜਿਨ੍ਹਾਂ ਦਿਨਾਂ ਉੱਤੇ ਅੱਪੜ ਕੇ, ਕੰਮਾਂ ਧੰਦਿਆਂ ਵਿੱਚ ਰੁੱਝੇ ਲੋਕਾਂ ਨੂੰ ਯਾਦ ਆਉਂਦਾ ਹੈ ਕਿ ਕੱਪੜੇ ਸਿਲਾਇਆਂ ਨੂੰ ਛੇ ਮਹੀਨੇ ਲੰਘ ਗਏ ਹਨ। ਕੁੜੀ ਨੂੰ ਸੰਧਾਰਾ ਤੇ ਜੁੱਤੀ ਭੇਜੀ ਨੂੰ ਪੂਰਾ ਸਾਲ ਹੋ ਗਿਆ ਹੈ। ਉਸ ਨੇ ਸਹੁਰੇ ਘਰ ਦੀ ਜੁੱਤੀ ਵੀ ਨਹੀਂ ਪਾਉਣੀ, ਵਿਚਾਰੀ ਨੰਗੇ ਪੈਰੀਂ ਫਿਰਦੀ ਹੋਵੇਗੀ, ਉਸ ਵਿਚਾਰੀ ਦਾ ਵੀ ਤਾਂ ਏਹੋ ਹੱਮਾ ਹੈ, ਜਦੋਂ ਪੇਕਿਆਂ ਤੋਂ ਜੁੱਤੀ ਆਵੇਗੀ, ਮੈਂ ਉਹ ਹੀ ਪਾਵਾਂਗੀ। ਉਸ ਨਾਲ ਨਿੱਕ-ਸੁੱਕ ਹੋਰ ਵੀ ਤਾਂ ਰਲਾ ਕੇ ਭੇਜਣਾ ਹੁੰਦਾ ਹੈ।

ਫਿਰ ਦੂਜੇ ਪਾਸੇ ਧਿਆਨ ਜਾਂਦਾ ਹੈ - ਇਸ ਵਾਰੀ ਘਰ ਵਾਲੀ ਭਾਗਵਾਨ ਨੂੰ-ਸਿੰਗ ਤਵੀਤ ਕਰਾ ਕੇ ਦੇਣ ਦਾ ਵੀ ਇਕਰਾਰ ਹੈ, ਗਰਜ਼ ਵੇਲੇ ਵੇਚ ਬੈਠੇ ਸੀ, ਹੁਣ ਨਵੇਂ ਬਣਨ ਵਿੱਚ ਈ ਨਹੀਂ ਆਉਂਦੇ, ਜੇ ਐਤਕੀਂ ਇਕਰਾਰ ਉਤੇ ਨਾ ਬਣੇ ਤਾਂ ਕਹਿੰਦੀ ਸੀ, ਨੱਕ ਕੰਨ ਵਲੋਂ ਤਾਂ ਮੈਨੂੰ ਬੁੱਚੀ ਕੀਤਾ ਸੀ, ਹੁਣ ਗਲੇ ਨੂੰ ਭੀ ਹੱਥ ਪਾ ਲਿਆ ਹੈ। ਊਂ...ਊਂ.... ਮੈਂ ਨੀ ਤੇਰੇ ਨਾਲ ਬੋਲਣਾ-ਖਣਪੱਟੀ ਲੈ ਕੇ ਪੈ ਜਾਊ ? ਕਬੀਲਦਾਰੀ ਦੇ ਤਾਂ ਜਿੰਨੇ ਕਜੀਏ ਜਿੰਨਾਂ ਚਿਰ ਜੀਉਂਦੇ ਆਂ ਮੁਕਣੇ ਈ ਨਹੀਂ। ਜੇ ਉਦੋਂ ਸੰਦੂਕ 'ਚੋਂ ਕੱਢ ਕੇ ਚਾਂਦੀ ਦੇ ਡੱਬਰ (ਡਬਲ) ਰੁਪਈਏ ਨਾ ਫੜਾਉਂਦੀ ਫੇਰ ਵੀ ਤਾਂ ਕਿਵੇਂ ਸਰਦਾ ਈ ? ਕਿਸੇ ਵੇਲੇ ਕਹੇ ਲਫਜ਼ ਅੱਖਾਂ ਅੱਗੋਂ ਦੀ ਤਸਵੀਰ ਬਣਕੇ ਲੰਘਦੇ ਮਨ ਨੂੰ ਟੁੰਬ ਕੇ ਆਂਦਰਾਂ 'ਚ ਕੁਰਲਾਹਟ ਪਾ ਜਾਂਦੇ ਹਨ।

ਪੁਰਾਣੀ ਉਮਰ ਦੇ ਬੁੱਢੇ ਇਨ੍ਹਾਂ ਤਿੱਥਾਂ ਤਿਉਹਾਰਾਂ ਨੂੰ ਜੀਭ ਦੇ ਨਵੇਂ ਸਵਾਦਾਂ ਲਈ ਦਿਨ ਗਿਣ ਗਿਣ ਕੇ ਉਡੀਕਦੇ ਰਹਿੰਦੇ ਹਨ। ਉਨ੍ਹਾਂ ਨੂੰ ਆ ਰਹੇ ਦਿਨ ਬਾਰੇ ਯਕੀਨ ਹੁੰਦਾ ਹੈ ਕਿ ਖੀਰ,

Scanned with CamScanner

ਕੜਾਹ, ਗੁਲਗੁਲੇ, ਪੂੜੇ ਜੇ ਹੋਰ ਨਹੀਂ ਤਾਂ ਬਾਜਰੇ ਜਾਂ ਜੁਆਰ ਦੀਆਂ ਬੱਕਲੀਆਂ ਤਾਂ ਬਣਨਗੀਆਂ, ਮੋਠ ਬਾਜਰੇ ਦੀ ਖਿਚੜੀ, ਕਣਕ ਦਾ ਮਿੱਠਾ ਦਲੀਆ ਤਾਂ ਘਰ ਦੇ ਰਿੰਨ੍ਹਣਗੇ ਹੀ, ਚਲੋ ! ਕਿਸੇ ਚੀਜ਼ ਦਾ ਤਾਂ ਓਦਣ ਨਵਾਂ ਸਵਾਦ ਦੇਖਾਂਗੇ।

ਸਾਕ ਨਾਤੇ ਵਿੱਚ ਜੇ ਮਰਗ-ਠਰਗ ਜਾਂ ਆਂਢ-ਗਵਾਂਢ, ਹੀਮ-ਕੀਮ ਹੋਣ ਨਾਲ ਕੋਈ ਤਿਉਹਾਰ ਬਿਨਾਂ ਮਨਾਏ-ਸੋਗ ਅਵਸਥਾ ਵਿੱਚ-ਲੰਘ ਜਾਏ ਤਾਂ ਇਹ ਬੁੱਢੇ ਵਿਦਰੋਹੀ ਬਣ ਕੇ ਆਪਣੀ ਦੰਦ ਕਥਾ ਪੂਰੇ ਜ਼ੋਰ ਨਾਲ ਚਲਾ ਦਿੰਦੇ ਹਨ। -'ਐਤਕੀ ਨਵਾਂ ਵਰ੍ਹਾ ਚੜ੍ਹਨ ਵਾਲੇ ਦਿਨ ਕਿਸੇ ਨਾ ਕਿਸੇ ਤਰ੍ਹਾਂ ਅੰਨ ਨਵਾਂ ਤਾਂ ਕਰਾਂਗੇ ਹੀ। ਜੇ ਇਹ ਆਸਾਂ ਪੂਰੀਆਂ ਨਾ ਹੋਣ ਤਾਂ ਉਲਟੀ ਚੱਕੀ ਫ਼ੇਰਨ ਲੱਗ ਜਾਂਦੇ ਹਨ -'ਪਤਾ ਨਹੀਂ ਇਸ ਵਾਰੀ ਕਿਹੜੀ ਚੰਦਰੀ ਸੈਂਤ (ਮਾੜੀ ਘੜੀ) ਦਾ ਵਰ੍ਹਾ ਚੜ੍ਹਿਐ। ਅੰਨ ਵੀ ਨਵਾਂ ਕਰਨ ਨੂੰ ਨਹੀਂ ਮਿਲਿਆ। ਸਾਡੇ ਕੀ ਮੰਦੇ ਭਾਗ ਨੇ। ਕੋਈ ਤਿੱਥ ਤਿਉਹਾਰ ਈ ਮਨਾਉਣਾ ਨਹੀਂ ਮਿਲਦਾ। ਮਰਨ ਵਾਲਿਆਂ ਦਾ ਪਤਾ ਨਹੀਂ ਸਾਡੇ ਬੁੱਢੇ ਹੱਡਾਂ ਨਾਲ ਕੀ ਵੈਰ ਹੈ, ਉਨ੍ਹਾਂ ਦੀ ਐਨ ਮੌਕੇ ਤੇ ਈ ਜਾਨ ਨਿਕਲਦੀ ਹੈ। ਉਤੋਂ ਖਬਰਾਂ ਦੇਣ ਵਾਲੇ ਵੀ ਬਿੱਜ ਵਾਂਗੂੰ ਆ ਡਿਗਦੇ ਨੇ। ਮਸਾਂ ਮਸਾਂ ਕੜਾਹੀ ਚਾੜ੍ਹ ਕੇ ਤੇਲ ਪੂਰਿਆ ਸੀ ਝੱਟ ਸੁੰਦਰ ਭਰਾਈ ਨੇ ਆ ਸੁਨੇਹਾ ਦਿੱਤਾ,'ਜੀ ਤੁਹਾਡੇ ਰਿਸ਼ਤੇਦਾਰ ਭਦੌੜ ਮਿਲੇ ਸੀ, ਕਹਿੰਦੇ ਸੁਨੇਹਾ ਦੇ ਦੇਣਾ ਸਾਡਾ ਬੁੜ੍ਹਾ ਮਰ ਗਿਆ ਹੈ।' ਬੱਸ ਸੁਨੇਹਾ ਆਇਆ ਨਹੀਂ ਤੇ ਕੜਾਹੀ ਠੰਡੀ ਹੋਈ ਨਹੀਂ। ਬੁੜ੍ਹੇ ਦੇ ਦੱਸੋ ਹੋਰ ਕੀ ਬਣ ਵਧਣੇ ਸੀ, ਉਨ੍ਹੇ ਮਰਨਾ ਹੀ ਸੀ। ਕਲ੍ਹਕਾਇਆ ਹੋਇਆ ਤੇਲ ਡੰਗਰਾਂ ਨੂੰ ਪਿੰਨੀਆਂ ਵੱਟ ਕੇ ਚਾਰਨਾ ਪਿਆ। ਸਾਡੇ ਨਾਲੋਂ ਤਾਂ ਡੰਗਰਾਂ ਦੇ ਭਾਗ ਈ ਚੰਗੇ ਹਨ।

ਇਵੇਂ ਜਿਵੇਂ ਹੀ ਜੇ ਹੱਥ ਦੀ ਤੰਗੀ ਤੇ ਕੰਜੂਸੀ ਕਰਕੇ ਕੋਈ ਤਿੱਥ-ਤਿਉਹਾਰ ਲੰਘ ਜਾਵੇ ਕੰਮ ਕਾਰ ਦੇ ਰੁਝੇਵੇਂ ਵਿੱਚ ਕਿਧਰੇ ਭੁੱਲ-ਭਲਾਈ ਹੋ ਜਾਏ ਤਾਂ ਇਹ 'ਵੱਡੇ-ਵਡੇਰੇ' ਨਵੀਂ ਆਈ ਬਹੂ ਦਾ ਗੁੱਡਾ ਬੰਨ੍ਹ ਲੈਂਦੇ ਹਨ :

-'ਪਤਾ ਨਹੀਂ ਕਿਹੜੇ ਚੰਦਰੇ ਘਰ ਦੀ ਆਈ ਐ। ਜਦੋਂ ਦੀ ਇਸ ਖੋਟੀ ਨੀਤ ਵਾਲੀ ਨੇ ਦੇਹਲੀ ਪੈਰ ਪਾਏ ਨੇ ਸਾਡੇ ਤਾਂ ਤਿੱਥ ਤਿਉਹਾਰ ਹੀ ਭੁੱਲ ਗਏ। ਇਨ੍ਹਾਂ ਨੂੰ ਏਨਾਂ ਵੀ ਪਤਾ ਨੀ ਵਈ ਬੁੜ੍ਹੇ ਆਦਮੀ ਦਾ ਜੁਆਕਾਂ (ਬੱਚਿਆਂ) ਵਰਗਾ ਜੀਅ ਹੋ ਜਾਂਦਾ ਹੈ। ਆਪ ਅੰਦਰ ਬਹਿ ਕੇ ਜੋ ਜੀ 'ਚ ਆਉਂਦੈ ਬਣਾ ਕੇ ਝੁਲਸ ਲੈਂਦੇ ਨੇ। ਇਨ੍ਹਾਂ ਨੂੰ ਦੂਜਿਆਂ ਲਈ ਤਿੱਥ ਤਿਉਹਾਰ ਕਿਉਂ ਯਾਦ ਰਹਿਣ ? ਕੱਠ ਤਾਂ ਸਾਰਾ ਬੁੜ੍ਹੇ ਦੀ ਭੂਰੀ ਉਤੇ ਐ, ਵਈ ਕਿਧਰੇ ਬੁੱਢੇ ਕੰਜਰ ਦਾ ਮੂੰਹ ਮਿੱਠਾ ਨਾ ਹੋ ਜਾਏ।'

ਜੇ ਕਿਧਰੋਂ ਕੋਈ ਪ੍ਰਾਹੁਣਾ ਆ ਜਾਵੇ ਤਾਂ ਇਹ 'ਬਾਬੇ' ਫਣ-ਚਿੱਥੇ ਸੱਪ ਵਾਂਗ ਵਿਹੁ ਘੋਲਣ ਲੱਗ ਜਾਂਦੇ ਹਨ। -'ਸਹੁਰੇ ਪ੍ਰਾਹੁਣੇ ਵੀ ਸਾਡੇ ਉੱਤੇ ਜਮਦੂਤਾਂ ਵਾਂਗ ਆ ਪੈਂਦੇ ਨੇ, ਉਨ੍ਹਾਂ ਨੂੰ ਪਤਾ ਨਹੀਂ ਕਿਸ ਕਰਕੇ ਕਾਹਲ ਪੈ ਗਈ ਸੀ, ਜੇ ਦੋ ਦਿਨ ਕਿਧਰੇ ਪਛੜ ਜਾਣ ਉਨ੍ਹਾਂ ਨੂੰ ਕੀ ਕਸਾਰਾ ਪੈਂਦਾ ਸੀ।' ਜਦੋਂ ਕੁਝ ਘਰੇ ਬਣਦਾ ਹੈ ਇਹ ਬਾਬੇ ਉਖਲੀ ਕੋਲ ਬੈਠੇ ਹੱਲੇ ਨਾਲ ਕਹਿੰਦੇ ਹਨ,'ਲਿਆਓ ਭਾਈ ਪਹਿਲਾਂ ਮੈਨੂੰ ਦਿਉ, ਦੋ ਬੁਰਕੀਆਂ ਖਾ ਕੇ ਜਾਵਾਂ ਜਾ ਕੇ ਡੰਗਰ ਬੱਛਾ ਵੀ ਸੰਭਾਲਣਾ ਹੈ। ਪਿਛੋਂ ਹੌਲੀ ਹੌਲੀ ਟੱਬਰ ਨੇ ਖਾਂਦੇ ਪਕਾਉਂਦੇ ਰਹਿਣਾ। ਉਨ੍ਹਾਂ ਦੀ ਜੁਗਤ ਵਰ ਆਉਂਦੀ ਹੈ। ਜਿੰਨਾਂ ਹੋ ਸਕੇ ਰੱਜ ਪੁੱਜ ਕੇ ਖਾਣ ਪਿੱਛੋਂ ਆਪਣੇ ਆਸਣਾਂ 'ਤੇ ਆ ਸਜਦੇ ਹਨ।

ਮੁੰਡੇ ਕੁੜੀਆਂ, ਤਿੱਥਾਂ ਤਿਉਹਾਰਾਂ ਨੂੰ ਆਪਣੀ ਕਿਸਮ ਦੇ ਭੋਲੇ ਭਾਲੇ ਚਾਵਾਂ ਤੇ ਉਤਸ਼ਾਹ ਨਾਲ ਉਡੀਕਦੇ ਰਹਿੰਦੇ ਹਨ :

-'ਮਾਨੀਏ ਨੀ ਮਾਨੀਏ ਏਸ ਮਹੀਨੇ ਕੇਹੜੇ ਕੇਹੜੇ ਤਿਉਹਾਰ ਆਉਣਗੇ?' ਘਰ ਦਾ ਮੁੰਡਾ ਜਾਂ ਕੁੜੀ ਮਾਂ ਨੂੰ ਚੜ੍ਹਦੇ ਮਹੀਨੇ-ਸੰਗਰਾਂਦ ਵਾਲੇ ਦਿਨ, ਈ ਪੁੱਛ ਲੈਂਦੇ ਹਨ ਕਿ ਅਗਲਾ

Scanned with CamScanner

ਮਹੀਨਾ ਕਿਹੋ ਜਿਹਾ ਹੈ ?

'ਇਸ ਮਹੀਨੇ ਮੱਸਿਆ ਨਾਲੇ ਪੁੰਨਿਆ ਵੀ ਆਉਣੀ ਹੈ, ਇਕ ਅੱਧਾ ਛੋਟਾ ਮੋਟਾ ਵਿੱਚੋਂ ਕੋਈ ਹੋਰ-ਜਾਏ ਖਾਣੇ ਦਾ-ਤਿਉਹਾਰ ਵੀ ਆ ਜਾਊ, ਤਿੱਥਾਂ ਤਿਉਹਾਰਾਂ ਦੀ ਕੇਹੜੀ ਘਾਟ ਹੈ ਇਹ ਤਾਂ ਖੂਹ ਦੀਆਂ ਟਿੰਡਾਂ ਵਾਂਗ ਆਉਂਦੇ ਜਾਂਦੇ ਈ ਰਹਿੰਦੇ ਹਨ।' ਘਰ ਦੀ ਸਵਾਣੀ ਬੇਪ੍ਰਵਾਹੀ ਨਾਲ ਟਰਕਾਊ ਜਿਹਾ ਜਵਾਬ ਦੇ ਦਿੰਦੀ ਹੈ।

'ਮਾਂ ਲੀੜੇ ਸਮਾਉਣ ਵਾਲਾ ਕੇਹੜਾ ਤਿਉਹਾਰ ਆਊ,' ਕੋਲ ਬੈਠਾ ਮੁੰਡਾ ਆਪਣੇ ਮਤਲਬ ਦੀ ਗੱਲ ਛੇੜ ਦਿੰਦਾ ਹੈ। 'ਕੋਈ ਮੇਲਾ ਵੀ ਆਊ ਕਿ ਐਵੇਂ ਮੜੀਆਂ ਮਸਾਣਾਂ ਦੇ ਈ ਦਿਨ ਦਿਹਾਰ ਆਉਣੇ ਨੇ ?' ਉੱਠ ਰਿਹਾ ਗੱਭਰੂ ਸ਼ੌਂਕ ਤੇ ਜ਼ੋਰ ਨਾਲ ਪੁੱਛਦਾ ਹੈ।

'ਪੁੱਤ ਮੇਲਾ ਵੀ ਆਊ, ਗੁੱਗਾ ਨੌਮੀ ਦਾ, ਲੀੜੇ ਸਮਾਉਣ ਦਾ ਤਿਹਾਰ ਵੀ ਇਸੇ ਮਹੀਨੇ ਆਉਂਦਾ ਹੈ, ਥੇਈ ਕਰਨ ਵਾਲੀ 'ਦਸਵੀਂ' ਵੀ ਆਊ, ਜਿਸ ਦਿਨ ਸਿੱਖ ਖਵਾਏ ਜਾਂਦੇ ਹਨ।'

-'ਤਾਂ ਤਾਂ ਵਈ ਮੌਜ ਹੋ ਗਈ, ਨਾਲੇ ਖਾਵਾਂ ਪੀਵਾਂਗੇ ਨਾਲੇ ਮੇਲਾ ਦੇਖਾਂਗੇ।' ਇਕ ਵਾਰੀ ਤਾਂ ਮੁੰਡਾ ਕਈ ਤਿਉਹਾਰਾਂ ਦੀ ਆਮਦ ਤੋਂ ਖ਼ੁਸ਼ ਹੋ ਕੇ ਪੁੱਠੀ ਛਾਲ ਲਾਉਣ ਤੱਕ ਜਾਂਦਾ ਹੈ।

'ਮਾਨੀਏ ! ਮਖਿਆ ਨੀ ਮਾਨੀਏ ! ਕੁੜੀਆਂ ਦਾ ਦਿਨ ਦੱਸੀਂ ਏਸ ਮਹੀਨੇ ਕੇਹੜਾ ਹੈ ?' ਕੋਲ ਬੈਠੀ ਧੀ ਆਪਣੀ ਗੱਲ ਛੇੜ ਲੈਂਦੀ ਹੈ।

'ਕੁੜੀਆਂ ਦਾ ਦਿਨ ਇਸ ਮਹੀਨੇ ਵਿੱਚ ਕੋਈ ਨਹੀਂ ਆਉਂਦਾ, ਹਾਲਾਂ ਕੱਲ ਤਾਂ ਤੀਆਂ ਲੰਘੀਆਂ ਨੇ, ਅਗਲੇ ਮਹੀਨੇ ਕਰੂਏ ਦਾ ਵਰਤ ਤੇ 'ਸਾਂਝੀ' ਆ ਜਾਊ, ਨਾਲ ਨੌਰਾਤੇ ਵੀ ਲੰਘਣੇ ਨੇ, ਦਿਨ ਤਾਂ ਆਉਂਦੇ ਈ ਰਹਿੰਦੇ ਨੇ, ਜੇ ਇੱਕ ਮਹੀਨੇ ਕੋਈ ਨਾ ਆਇਆ ਤਾਂ ਕਿਹੜੀ ਪਰਲੋ ਆ ਜਾਣੀ ਹੈ।' ਮਾਂ ਦਾ ਕੁਰੱਖਤ ਜਵਾਬ ਸੁਣ ਕੇ ਧੀ ਉਦਾਸ ਹੋ ਜਾਂਦੀ ਹੈ।

'ਮੈਥੋਂ ਨਹੀਂ ਇਉਂ ਕੰਮ ਹੁੰਦਾ, ਸਾਰਾ ਦਿਨ ਗੋਹਾ ਕੂੜਾ ਕਰਦੀ ਦਾ ਲੰਘ ਜਾਂਦੈ। ਘਰ ਦੇ ਸਾਰੇ ਸਿਆਪੇ (ਧੰਦੇ) ਮੈਂ ਪਿੱਟਾਂ। ਜਦੋਂ ਕੁਝ ਬਨਾਉਣ ਨੂੰ ਕਹਿੰਦੀ ਆਂ ਮਟੂੰਨ ਹੋ ਕੇ ਬੈਠ ਜਾਂਦੀ ਹੈ। ਉਂ ਕਹਿੰਦੀ ਸੀ ਆਉਂਦੇ ਤਿਉਹਾਰ ਨੂੰ ਤੈਨੂੰ ਕੁਛ ਨੱਕ ਕੰਨ ਨੂੰ ਜ਼ਰੂਰ ਕਰਾ ਕੇ ਦੇਊਂਗੀ, ਹੁਣ ਕਹਿੰਦੀ ਐ ਇਸ ਮਹੀਨੇ ਕੋਈ ਤਿਉਹਾਰ ਈ ਨਹੀਂ ਆਉਂਦਾ।'

'ਲੈ ਜਦੋਂ ਤੈਨੂੰ ਆਖ ਦਿੱਤਾ, ਮੈਂ ਕਿਤੇ ਮੁਕਰਨ ਲੱਗੀ ਹਾਂ, ਸਾਊ ਬਣ ਕੇ ਕਰ ਕੰਮ ਮੇਰੀ ਧੀ, ਤਕੜੀ ਹੋ ਕੇ, ਉਠ, ਰੋਟੀ ਟੁਕ ਦਾ ਆਹਰ ਕਰ, ਤੇਰਾ ਆਉਂਦੇ ਮਹੀਨੇ ਜ਼ਰੂਰ ਕੁਛ ਬਣਾਊਂਗੀ।'

ਇਸ ਤਰ੍ਹਾਂ ਤਿੱਥ ਤਿਉਹਾਰਾਂ ਦੀ ਚੜ੍ਹਦੇ ਮਹੀਨੇ ਹੀ ਟੋਹਾ ਟਾਹੀ ਕਰ ਲਈ ਜਾਂਦੀ ਹੈ, ਵਈ ਆਉਂਦੇ ਦਿਨਾਂ ਵਿੱਚ ਕੇਹੜਾ ਕੇਹੜਾ ਤਿਉਹਾਰ ਆਉਣ ਵਾਲਾ ਹੈ।

ਬੱਚਿਆਂ ਦੇ ਰੋਸੇ ਦਿਖਾਉਣ ਦੇ ਵੀ ਤਾਂ ਏਹੋ ਦਿਨ ਹੁੰਦੇ ਹਨ,'ਜੇ ਦੁਸਹਿਰੇ ਨੂੰ ਮੁੱਲ ਦਾ ਝੱਗਾ ਨਹੀਂ ਸਿਲਾਉਣਾ ਤਾਂ ਮੈਂ ਵੀ ਅੱਜ ਤੋਂ ਡੰਗਰ ਨੀ ਚਾਰਣ ਜਾਣਾ, ਮੈਨੂੰ ਖੱਦਰ ਦੇ ਖੁਰਦਰੇ ਲੀੜੇ ਸਮਾ ਦਿੰਦੇ ਨੇ, ਆਪ ਕੂਲੇ ਕੂਲੇ ਸ਼ਹਿਰੀਆਂ ਵਰਗੇ ਚੋਰੀ ਚੋਰੀ ਲੈ ਆਉਂਦੇ ਹਨ। ਹੋਰ ਤਾਂ ਸਾਰੇ ਟੱਬਰ ਦੇ ਜੀਅ ਇਕ ਇਕ ਝੱਗਾ ਬਣਾ ਸੁਆ ਕੇ ਸੰਦੂਕ ਵਿੱਚ ਰੱਖੀ ਰਖਦੇ ਨੇ, ਜਿਵੇਂ ਹੋਰ ਕਿਸੇ ਦਾ ਜੀਅ ਈ ਨਹੀਂ ਹੁੰਦਾ'-ਡੰਗਰ ਚਾਰਦਾ ਛੋਟਾ ਰਾਂਝਾ ਆਪਣੀਆਂ ਮਹੀਆਂ ਹਿੱਕਣ ਵਾਲੀ ਸੋਟੀ ਪਰੇ ਵਗਾਹ ਮਾਰਦਾ ਹੈ।

'ਆ ਏਧਰ, ਤੇਰੇ ਦਾਦੇ ਮੰਗਾਉਣੇ ਦੇ, ਲੱਗਿਆ ਹੁਣੇ ਤੋਂ ਸ਼ੁਕੀਨੀਆਂ ਲਾਉਣ। ਇਹ ਆਕੜਾਂ ਰੋਸੇ ਕਿਸੇ ਹੋਰ ਨੂੰ ਦਿਖਾਈਂ, ਜੇ ਛਿੱਤਰਾਂ ਨਾਲ ਮੂੰਹ ਨਾ ਭੰਨ ਦਿਆਂ, ਕੀ ਜਾਏ ਖਾਣਿਆਂ ਦਾ ਦਾਦਕਿਆਂ ਦੇ 'ਖੋਮ' ਤੇ ਗਿਐ ਕੁੜੇ; ਕਿਵੇਂ ਹੁਣ ਤੋਂ ਈ ਹੱਥਾਂ 'ਚੋਂ ਨਿਕਲਣ ਲੱਗਿਐ।' ਇਕ

Scanned with CamScanner

ਵਾਰੀ ਤਾਂ ਇਉਂ ਮੁੰਡੇ ਦੀ ਮਾਂ ਚੰਗੀ ਜ਼ੋਰਦਾਰ ਤੜੀ ਮਾਰ ਕੇ ਰੋਹਬ ਬਿਠਾਉਂਦੀ ਹੈ।

'ਲੈ ਮੈਂ ਵੀ ਅੱਜ ਕੀਲੀਓਂ ਖੋਲ੍ਹ ਕੇ ਡੰਗਰ ਕੱਢਾਂ ਆਪਣੇ ਪਿਉ ਦਾ ਪੁੱਤ ਨਹੀਂ, ਕਿਸੇ ਸਾਹਸੀ ਗੰਧੀਲੇ ਦਾ ਹੋਵਾਂ ?'

ਤੋਬਾ ! ਕਿੰਨਾ ਸਖ਼ਤ ਸਤਿਆਗ੍ਰਹਿ ਹੁੰਦਾ ਹੈ ਇਹ !

-'ਹੈ ਵੇ ਟੁੱਟ ਜਾਣਿਆ ! ਤੈਨੂੰ ਕੀਹਨੇ ਸਿਖਾ ਦਿੱਤੀਆਂ ਇਹੋ ਜਿਹੀਆਂ ਗੱਲਾਂ, ਨਾ ਮੇਰਾ ਪੁੱਤ ! ਅੱਛਾ ! ਗੱਲ ਸੁਣ, ਐਤਕੀਂ ਪੁੰਨਿਆਂ ਦੇ ਮੇਲੇ ਨੂੰ ਤੈਨੂੰ ਛੱਬੀ ਦੀ ਮਲ ਮਲ ਦਾ ਅੰਬ-ਰਸੀਆ ਸਾਫ਼ਾ ਲੈ ਕੇ ਦੇਵਾਂਗੀ, ਨੀਲੀ ਜ਼ਫਰ ਦਾ ਝੱਗਾ ਤੇ ਚਾਂਦੀ ਦਾ ਡਬਲ ਰੁਪਈਆ ਖਰਚਣ ਨੂੰ ਲੈ ਕੇ ਦੇਊਂ, ਭਾਵੇਂ ਤੇਰੇ ਬਾਪੂ ਨਾਲ ਲੜਨਾ ਈ ਕਿਉਂ ਨਾ ਪਵੇ। ਐਵੇਂ ਚੁਆਨੀਆਂ ਅਠਿਆਨੀਆਂ ਦੇ ਕੇ ਮੇਰੇ ਲਾਡਲੇ ਨੂੰ ਟਾਲ ਦਿੰਦੇ ਆ। ਐਤਕੀਂ ਸਾਰੇ ਭਾਂਗੇ ਕੱਢ ਦੇਣੇ ਊ।'

ਆਖ਼ਰ-ਸਤਿਆਗ੍ਰਹਿ ਸਾਮ੍ਹਣੇ ਵੱਡੀਆਂ ਤੋਂ ਵੱਡੀਆਂ ਸਰਕਾਰਾਂ ਵੀ ਤਾਂ ਹਥਿਆਰ ਸੁੱਟਦੀਆਂ ਆਈਆਂ ਹਨ, ਏਥੇ ਵੀ ਏਹੋ ਹੁੰਦਾ ਹੈ।

ਦੋ ਘੋੜੇ ਦੀ ਬੋਸਕੀ ਦਾ ਝੱਗਾ ਕਦੋਂ ਸਮਾਏਂਗੀ ?' ਕਾਕਾ ਜੀ ਇੱਕ ਹੋਰ ਸ਼ਰਤ ਰੱਖ ਦਿੰਦੇ ਨੇ।

'ਉਹ ਵੀ ਤੈਨੂੰ ਲੈ ਕੇ ਦੇਊਂ। ਐਤਕੀਂ ਜਦੋਂ ਕਪਾਹ ਵੇਚਣ ਗਏ ਭਮਾ ਮੈਨੂੰ ਨਾਲ ਕਿਉਂ ਨਾ ਜਾਣਾ ਪਵੇ।'

'ਚੰਗਾ, ਡੰਗਰ ਤਾਂ ਖੋਲ੍ਹ ਲੈਂਦਾ ਆਂ, ਪਹਿਲਾਂ ਇਹ ਵੀ ਤਾਂ ਦੱਸ ਕਿ ਐਤਕੀਂ ਵਰਤਾਂ ਨੂੰ ਮਿੰਦਰੋ ਨੂੰ ਕੌਣ ਲੈਣ ਜਾਊ ?' ਮੁੰਡਾ ਆਪਣੀ ਜਿੱਤ ਦੀ ਖ਼ੁਸ਼ੀ ਵਿੱਚ ਇਕ ਹੋਰ ਰਮਜ਼ ਸੁੱਟ ਛੱਡਦਾ ਹੈ।

'ਸੁੱਖ ਨਾਲ ਮੇਰਾ 'ਪੀਤਾ' ਜਾਵੇਗਾ, ਮਜਾਲ ਐ ਐਤਕੀਂ ਹੋਰ ਕੋਈ ਜਾਵੇ। ਚਾਰ ਦਿਨ ਖੰਡ ਘਿਉ ਖਾਣ ਦੇ ਮਾਰੇ ਮੂੰਹ ਚੱਕ ਕੇ ਕੁੜੀ ਦੇ ਸਹੁਰਿਆਂ ਨੂੰ ਟੁਰ ਪੈਂਦੇ ਨੇ। ਐਤਕੀਂ ਮੈਂ ਵੱਡਿਆਂ ਵਿਚੋਂ ਕਿਸੇ ਨੂੰ ਨੀ ਜਾਣ ਦੇਣਾ। ਅਖੇ ! ਬੇਬੇ, ਬੀਬੀ ਨੂੰ ਮੈਂ ਲੈ ਕੇ ਆਉਣਾ ਹੈ। ਮਤਲਬ ਹੁੰਦਾ ਐ ਕੰਮ ਧੰਦੇ ਤੋਂ ਬਚ ਕੇ ਚਾਰ ਦਿਨ ਖਰ-ਮਸਤੀਆਂ ਕਰਨ ਦਾ।'

'ਤੈਨੂੰ ਫੇਰ ਢਾਂਡੀ ਦੀ ਸੁੰਹ ਲਗੇ। ਚੰਗਾ ਮੈਂ ਚਲਿਆ ਆਂ, ਮੇਰੀ ਹਲਾਂ ਵਾਲਿਆਂ ਕੋਲ ਈ ਰੋਟੀ ਭੇਜ ਦੇਈਂ। ਆਪੇ ਡੰਗਰਾਂ ਨੂੰ ਮੋੜੇ ਲਾਉਂਦਾ ਓਧਰ ਆ ਕੇ ਵਿਚੋਂ ਦੀ ਖਾ ਜਾਊਂ।' ਜੁੱਤੀਆਂ ਡਾਂਗ ਉੱਤੇ ਟੰਗ ਕੇ ਕੁੰਢੀਆਂ ਨੂੰ ਕਿੱਲਿਓਂ ਖੋਲ੍ਹਕੇ, ਛੋਟੇ 'ਮਹੀਂਵਾਲ ਸਾਹਿਬ' ਬੇਲਿਆਂ ਨੂੰ ਟੁਰ ਜਾਂਦੇ ਹਨ।

-ਧੀਆਂ ਧਿਆਣੀਆਂ ਦਾ ਕਿਸੇ ਉਤੇ ਕੀ ਜ਼ੋਰ ਹੁੰਦਾ ਹੈ, ਰੁਲ੍ਹਦੀਆਂ ਖੁਲ੍ਹਦੀਆਂ ਪਲ੍ਹਦੀਆਂ ਰਹਿੰਦੀਆਂ ਹਨ, ਵੱਡੀਆਂ ਹੋਈਆਂ ਨੂੰ ਜਿਸ ਨਾਲ ਜੀ ਚਾਹਿਆ ਅਗਲੇ ਚਾਰ ਭਮਾਲੀਆਂ ਦੇ ਕੇ ਟੋਰ ਦੇਣ। 'ਧੀਆਂ ਅਤੇ ਗਊਆਂ ਦਾ ਜ਼ੋਰ ਕੀ ਸਦਾ ਰਾਮਾ।' ਭਾਵੇਂ ਇਹ ਲੋਕ-ਵਾਕ ਸਦੀਆਂ ਤੋਂ ਹੀ ਕੁੜੀਆਂ ਨੂੰ ਨਿਮਾਣੀਆਂ ਜਿਹੀਆਂ ਬਣਾਈ ਰੱਖਦਾ ਹੈ ਪਰ ਫੇਰ ਵੀ ਉਹ ਤਿੱਥਾਂ ਤਿਉਹਾਰਾਂ ਦੇ ਦਿਨੀਂ ਕੁੜੀਆਂ ਆਪਣਾ ਮਨ ਖੋਲ੍ਹ ਹੀ ਲੈਂਦੀਆਂ ਹਨ। ਮਾਵਾਂ ਨੂੰ ਉਨ੍ਹਾਂ ਦੀਆਂ ਲੋੜਾਂ ਤੇ ਥੁੜ੍ਹਾਂ ਪੂਰੀਆਂ ਕਰਨ ਦੇ ਖ਼ਿਆਲ ਆ ਚੂੰਢੀਆਂ ਭਰਦੇ ਹਨ।

- ਲੈ ਨੀ ਤਾਰੋ ਆਹ ਚਾਰ ਗੁਲਗੁਲੇ। ਮੇਰੀ ਮਾਂ ਕਹਿੰਦੀ ਉਹਨਾਂ ਨੇ ਐਤਕੀਂ ਮਾਸੀ ਦੇ ਪੁੱਤ ਦੀ ਬਹੂ ਦੀ ਭੈੜੀ ਖ਼ਬਰ ਕਰਕੇ ਪਕਾਏ ਨੀ ਹੋਣੇ, ਜਾਹ ਤੂੰ ਉਨ੍ਹਾਂ ਦੇ ਦੇ ਆ, — ਜੁਆਕ ਮੂੰਹ ਮਿੱਠਾ ਕਰ ਲੈਣਗੇ।' ਜਿਸ ਘਰ ਕੋਈ ਚੀਜ਼ ਰਿੱਧੀ ਪੱਕੀ ਹੋਵੇ, ਉਨ੍ਹਾਂ ਦੀ ਕੁੜੀ ਬਾਟੀ ਜਾਂ ਛੰਨੇ ਵਿੱਚ ਪਾ ਕੇ, ਜਿਨ੍ਹਾਂ ਦੇ ਘਰ ਕੁਝ ਨਾ ਪੱਕਿਆ ਹੋਵੇ, ਉਨ੍ਹਾਂ ਦੇ ਘਰ ਨਵੀਂ ਚੀਜ਼ ਕੀ ਦੇ ਜਾਂਦੀ ਹੈ

Scanned with CamScanner

ਤੇ ਸੁੱਤੀਆਂ ਕਲਾਂ ਈ ਜਗਾ ਆਉਂਦੀ ਹੈ।

-'ਮਾਂ ਆਪਾਂ ਕਿਉਂ ਨੀ ਕਦੇ ਗੁਲਗੁਲੇ ਪਕਾਏ ! ਤੂੰ ਕਹਿੰਦੀ ਸੀ ਐਤਕੀਂ ਮਾਲ੍ਹਪੂੜੇ ਲਾਹਾਂਗੇ, ਨਾਲੇ ਲੂਣ ਵਾਲੇ ਭੱਲੇ ਪਤਾਉਣ ਬਣਾ ਕੇ ਖਵਾਊਂਗੀ। ਤੂੰ ਤਾਂ ਜੱਕੋ ਤੱਕੇ ਵਿੱਚ ਈ ਤਿਉਹਾਰ ਦੇ ਦਿਨ ਲੰਘਾਈ ਜਾਂਦੀ ਹੈਂ।'

'ਪਕਾਵਾਂਗੇ ਮੇਰੀ ਧੀ, ਐਤਕੀਂ ਜ਼ਰੂਰ ਪਕਾਵਾਂਗੇ। ਖਸਮਾਂ ਨੂੰ ਖਾਣੀਆਂ ਚੀਜ਼ਾਂ ਵੀ ਤਾਂ ਕਿਧਰੋਂ ਜੁੜਨ। ਪਤਾ ਨਹੀਂ ਇਹ ਪਿੱਛਾ ਕਰ ਰਿਹਾ ਕੜ੍ਹਾਪਾ ਕਦੋਂ ਮੁੱਕੇਗਾ, ਐਤਕੀਂ ਨਾ ਤੇਲ ਸੀ ਨਾ ਗੁੜ੍ਹ। ਲੋਹੜੀ ਆ ਲੈਣ ਦੇ ਰੱਜਵਾਂ ਕੜਾਹ ਕਰਕੇ ਦੇਊਂ। ਹੋਰ ਕੌੜਾ-ਕਸੈਲਾ ਜੋ ਜੀਅ ਕੀਤਾ ਬਣਾ ਕੇ ਖਾ ਲਈਂ।'

'ਤੂੰ ਤਾਂ ਏਵੇਂ ਜਿਵੇਂ ਈ ਸਾਰੇ ਤਿਉਹਾਰ ਲੰਘਾ ਦਿੰਦੀ ਹੈਂ, ਕਦੇ ਕੁੱਝ ਸਲੂਣਾ ਵੀ ਨਹੀਂ ਬਣਾਇਆ। ਚੰਗਾ ਮੈਂ ਵੀ ਹੁਣ ਨਾ ਛੋਪ ਕੱਤਣਾ ਹੈ ਨਾ ਕਪਾਹ ਚੁਗਣੀ ਹੈ। ਗੋਹੇ ਦੇ 'ਸਨੇਰ' ਦੀਆਂ ਪਥਾ ਲਈ ਪਾਥੀਆਂ ਜੀਹਤੋਂ ਪਥਾਉਣੀਆਂ ਹੋਈਆਂ, ਐਤਕੀਂ ਮੈਂ ਗੁਹਾਰੇ ਵੀ ਨਹੀਂ ਖੜ੍ਹੇ ਕਰਨੇ।' ਇਹ ਆਖ ਕੇ ਹੰਝੂਆਂ ਭਰੀਆਂ ਅੱਖਾਂ ਮਲਦੀ ਕੁੜੀ ਕੌਲੇ ਦੇ ਖੂੰਜੇ ਲੱਗ ਕੇ ਰੋਣ ਲੱਗ ਜਾਂਦੀ ਹੈ।

'ਛੱਡ ਨੀ ਪਰੇ ! ਪਤਾ ਨੀ ਮੇਰਾ ਇਨ੍ਹਾਂ ਧੀਆਂ ਬਿਨਾਂ ਕੀ ਕੰਮ ਥੁੜ੍ਹਿਆ ਪਿਆ ਸੀ। ਜਾਏ ਖਾਣੇ ਰੱਬ ਨੇ ਵੀ ਮੇਰੇ ਪੱਲੇ ਇਹ ਪੱਥਰ-ਪੋੜੇ ਪਾ ਕੇ ਗਿਣ ਗਿਣ ਕੇ ਕਿਉਂ ਬਦਲੇ ਲਏ ਨੇ ? ਪਹਿਲਾਂ ਅਗਲੀਆਂ ਚਾਰ ਪਾਲ ਪੋਸ ਕੇ ਕੰਮ ਕਰਨ ਵੇਲੇ ਬੇਗਾਨੇ ਘਰ ਭੇਜ ਦਿੱਤੀਆਂ ਨੇ ਹੁਣ ਇਹ ਪੰਜਵੀ ਉਤੇ ਨਿੱਤ ਵਾਰ ਆਉਂਦੈ। ਖੁਲਾਊ ਨੀ ਏਹਨੂੰ ਗੁਲਗੁਲੇ ਪਕਾ ਪਕਾ ਕੇ, ਸਾਡਾ ਕੀ ਤੂੰ ਹਲ ਵਾਹੁਨੈ !' ਅੱਗੋਂ ਮਾਂ ਅਧਕੱਜੀਆਂ ਗਾਲ੍ਹਾਂ ਕੱਢਕੇ ਪਹਿਲੀ ਝਈ ਨਾਲ ਇਕ ਵਾਰ ਤਾਂ ਕੁੜੀ ਨੂੰ ਹੌਲਾ ਪਾਉਣ ਦੀਆਂ ਕਸਰਾਂ ਮਿਟਾ ਦਿੰਦੀ ਹੈ।

'ਤੂੰ ਵੀ ਤਾਂ ਮਾਂ ਕਿਸੇ ਦੀ ਧੀ ਈ ਸੀ।' ਕੁੜੀ ਹਟਕੋਰੇ ਨਾਲ ਕਹੇ ਇਕੋ ਵਾਕ ਰਾਹੀਂ ਆਪਣਾ ਗੁੱਸਾ ਕੱਢ ਕੇ ਮਾਂ ਨੂੰ ਪਾਣੀ ਤੋਂ ਪਤਲਾ ਕਰ ਦਿੰਦੀ ਹੈ।

-'ਉਦੋਂ ਕੁੜੀਆਂ ਦੇ ਕੋਈ ਨਖਰੇ ਨਹੀਂ ਸੀ ਝੱਲਦਾ। ਅੱਧੀਆਂ ਦੇ ਤਾਂ ਜੰਮਦੀਆਂ ਦੇ ਈ ਗਲ ਗੂਠਾ ਦੇ ਦੇਂਦੇ ਸੀ ਜਾਂ ਘੜੇ 'ਚ ਪਾ ਕੇ ਟਿੱਬਿਆਂ ਵਿੱਚ ਦੱਬ ਆਉਂਦੇ ਹੁੰਦੇ। ਜੇ ਕੋਈ ਰੱਬ ਸਬੱਬੀ ਬਚ ਰਹਿੰਦੀ ਤਾਂ ਸਿੱਟ-ਪਰਸਿੱਟ ਜੂਠੇ ਟੁਕੜੇ ਖਾ ਖਾ ਕੇ- ਪਾਟਿਆਂ ਪੁਰਾਣਿਆਂ ਵਿੱਚ ਪਲਦੀ ਰਹਿੰਦੀ ਸੀ। ਅੱਜ ਕੱਲ ਵਾਂਗੂੰ ਕੁੜੀਆਂ ਮੁੰਡਿਆਂ ਦੇ ਬਰਾਬਰ 'ਦਹੀਂ' ਤੇ 'ਮੱਖਣੀ' ਨਹੀਂ ਸੀ ਮੰਗਦੀਆਂ। ਇਹ ਰੋਸੇ ਤਾਂ ਆਹ ਨਵੇਂ ਜ਼ਮਾਨੇ ਦੀ ਹਵਾ ਨੇ ਸਿਖਾਏ ਨੇ, ਹੋਰ ਪਤਾ ਨੀ ਇਸ ਜ਼ਮਾਨੇ ਨੇ ਹਾਲਾਂ ਕੀ ਕਾਰੇ ਕਰਨੇ ਨੇ। ਕਹਿੰਦੇ ਸੀ ਅਜ਼ਾਦੀ ਲਿਆਉਣੀ ਐ। ਇਹ ਅਜ਼ਾਦੀ ਆਈ ਕਿ ਬਰਬਾਦੀ। ਇਸਦਾ ਹਾਲੇ ਤਾਂ ਹੋਰ ਪਤਾ ਲਗਣਾ ਹੈ।'

'ਲੈ ਮੇਰਾ ਵੀ ਘੁੱਟ ਦੇ ਗਲ, ਮੈਂ ਕੀ ਜੀਉਂ ਕੇ ਲੈਣਾ ਐ।'

'ਬਥੇਰਾ ਘੁਟਾ ਦਿੰਦੀ, ਲੋਕ ਲੱਜਿਆ ਮਾਰਦੀ ਐ। ਤੇਰਾ ਕੱਲੀ ਦਾ ਕਿਉਂ ਜਿਹੜੀਆਂ ਅੱਗ ਲੱਗਣੀਆਂ ਪਹਿਲਾਂ ਕਿਉਂਟੀਆਂ ਨੇ, ਘਰ ਨੂੰ ਹੂੰਝਾ ਫੇਰ ਕੇ ਲੈ ਗਈਆਂ ਨੇ, ਪਹਿਲਾਂ ਉਨ੍ਹਾਂ ਦੇ ਗਲ ਦੰਦਲ ਦਾਤੀ ਫੇਰਦੀ। ਜਿਥੇ ਪਹਿਲੀਆਂ ਦਾ ਫਾਹਾ ਵੱਢਿਐ ਉਥੇ ਤੈਨੂੰ ਵੀ ਹੁਣ ਕਿਉਟਣਾ ਈ ਪੈਣੈ, ਸਾਲ ਛੀ ਮਹੀਨੇ ਦੀ ਗੱਲ ਐ, ਕੋਈ ਸਬੱਬ ਬਣਿਆ ਤੇਰਾ ਵੀ ਰੱਸਾ ਢੈਲਾ ਕਰ ਛੱਡੂੰ। ਮੇਰੀ ਤਾਂ ਜਾਨ ਓਦਣ ਸੌਖੀ ਹੋਊ ਜਦੋਂ ਤੇਰਾ ਬਬਾਨ ਤੋਰ ਦੂੰ।'

Scanned with CamScanner